੧ ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

# ਜੀਵਨ ਚਰਿਤ੍ਰ

ਸਿਖ ਇਤਿਹਾਸ ਦੇ ਪ੍ਰਿਥਮ ਲੇਖਕ

# ਮਹਾਂ ਕਵੀ ਭਾਈ ਸੰਤੋਖ ਸਿੰਘ ਜੀ

ਕਰਤਾ—ਸ੍ਰੀ ਨਾਨਕ ਪ੍ਰਕਾਸ਼, ਅਤੇ ਸ੍ਰੀ ਗੁਰ ਪ੍ਰਤਾਪ ਸੂਰਜ

1068

ਰਚਿਤ

ਗਿਆਨੀ ਖਜਾਨ ਸਿੰਘ,

ਯੂਨੀਵਰਸਟੀ ਓਰਿਐਂਟਲ ਕਾਲਜ,

ਗੁਰੂ ਨਾਨਕ ਨਗਰ ਲਾਹੌਰ.

pdfelement

27670

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤੇਹ ॥

# ਜੀਵਨ

## ਮਹਾਂ ਕਵੀ ਭਾਈ ਸਾਹਿਬ ਸੰਤੋਖ ਸਿੰਘ ਜੀ

## ਮੁਢਲੀ ਬੇਨਤੀ

ਮਹਾਂ ਕਵੀ ਸ੍ਰੀ ਮਾਨ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ "ਸ੍ਰੀ ਨਾਨਕ ਪ੍ਰਕਾਸ਼" ਅਤੇ "ਸ੍ਰੀ ਗੁਰ ਪ੍ਰਤਾਪ ਸੂਰਜ" ਸਿਖ ਇਤਿਹਾਸ ਸੰਬੰਧੀ ਸੰਪੂਰਨ ਪੁਸਤਕਾਂ ਲਿਖਕੇ ਇਕ ਬੇ ਮਿਸਾਲ ਅਤੇ ਅਮੁੱਲ ਸੇਵਾ ਕੀਤੀ ਹੈ, ਅਜ ਤਕ ਸਿਖ ਇਤਹਾਸ ਸੰਬੰਧੀ ਜੋ ਪੁਸਤਕਾਂ, ਤਾਰੀਖਾਂ ਟਰੈਕਟ, ਪ੍ਰਸੰਗ ਲਿਖੇ ਹੋਏ ਮਿਲਦੇ ਹਨ, ਜਾਂ ਲੈਕਚਰਾਰ ਹਾਲਾਤ ਸੁਣਾ-ਉਂਦੇ ਹਨ। ਉਹਨਾਂ ਸਭਨਾਂ ਦਾ ਮੂਢ ਭਾਈ ਸੰਤੋਖ ਸਿੰਘ ਜੀ ਦੇ ਗ੍ਰੰਥ ਹਨ; ਜੇ ਕਿਤੇ ਭਾਈ ਸਾਹਿਬ ਇਹ ਉੱਦਮ ਨਾ ਕਰਦੇ । ਤਾਂ ਸਿਖ਼ ਇਤਹਾਸ ਦਾ ਇਕਤ੍ਰ ਹੋਣਾ ਇਕ ਅਤਯੰਤ ਕਠਨ ਬਲਕਿ ਅਸੰਭਵ ਕੰਮ ਸੀ, ਫੇਰ ਜਿਸ ਕੰਮ ਅਰਥਾਤ ਇਤਹਾਸ ਦੇ ਖੋਜ ਲਈ ਬੜੀਆਂ ਬੜੀਆਂ ਸਭਾਵਾਂ ਕਈ ਕਈ ਵਿਦਵਾਨ ਰਖਕੇ ਲਖਾਂ ਰੁਪਈਏ ਖਰਚ ਕਰਕੇ ਸਿਰੇ ਨਹੀਂ ਚਾੜ੍ਹ ਸਕਦੀਆਂ। ਉਹ ਇਸ ਇਕੋ ਗੁਰ ਸਿਖ ਨੇ ਪੂਰਨ ਕਰ ਦਿਤਾ, ਫੇਰ ਇਸ ਇਤਹਾਸ ਨੂੰ ਕੇਵਲ ਵਾਰਤਕ ਹੀ ਨਹੀਂ ਸਗੋਂ ਇਕ ਉਚ ਪਾਏ ਦੀ ਅਲੰਕ੍ਰਤ ਕਵਿਤਾ ਵਿਚ ਲਿਖਿਆ ਹੈ, ਨਿਰ ਸੰਦੇਹ

ਇਹ ਇਕੋ ਕੰਮ ਹੀ ਇਕ ਆਦਮੀ ਦੀ ਸ਼ਕਤੀ ਤੋਂ ਪਰੇ ਹੈ ਪਰ ਉਨ੍ਹਾਂ ਤਾਂ ਇਸਤੋਂ ਬਿਨਾ ਹੋਰ ਭੀ ਕਈ ਗ੍ਰੰਥ ਲਿਖੇ ਹਨ ਜਿਸਤੋਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਸਿਰ ਤੇ ਵਾਹਿਗੁਰੂ ਦੀ ਮੇਹਰ ਦਾ ਹੱਥ ਸੀ ॥

ਇਕ ਐਸੇ ਉਚ ਕਵੀ ਮਹਾਨ ਖੋਜੀ ਬਲਕੇ ਮਹਾਂ ਪੁਰਸ਼ ਦਾ ਜੀਵਨ ਲਿਖਣਾ ਬੜਾ ਜ਼ਰੂਰੀ ਸੀ, ਜਿਸਤੋਂ ਸਿਖਿਆ ਪ੍ਰਾਪਤ ਹੁੰਦੀ ਹੈ, ਪਰੰਤੂ ਹੁਣ ਤਕ ਇਹ ਨਿਹਾਇਤ ਜ਼ਰੂਰੀ ਕੰਮ ਨਹੀਂ ਸੀ ਹੋ ਸਕਿਆ । ਜਿਸਤੇ ਪੰਜਾਬੀ ਦੇ ਚੋਟੀ ਦੇ ਲਿਖਾਰੀ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਜਿਥੇ ਕਵੀ ਜੀ ਦੀ ਰਚਨਾਂ ਨੂੰ ਅਰਥ ਭਾਵ ਸਹਿਤ ਛਾਪਨ ਦਾ ਉਦਮ ਕੀਤਾ। ਉਥੇ ਬੜੀ ਖੋਜ ਭਾਲ ਕਰਕੇ ਭਾਈ ਸਾਹਿਬ ਦਾ ਜੀਵਨ ਭੀ ਲਿਖਿਆ ਹੈ ਜਿਸਤੋਂ ਬਹੁਤ ਸਾਰੇ ਹਾਲਾਤ ਲੈਕੇ ਮੈ ਕਵੀ ਜੀ ਦਾ ਜੀਵਨ ਭੀ ਲਿਖਦਾ ਹਾਂ ਤਾਕਿ ਖੋਜੀ ਸਜਨ ਅਤੇ ਵਿਦਿਆਰਥੀ ਇਸਤੋਂ ਲਾਭ ਪ੍ਰਾਪਤ ਕਰ ਸਕਨ, ਮੈਂ ਇਸ ਲੇਖ ਵਿਚ ਕੇਵਲ ਜੀਵਨ ਲਿਖਦਾ ਹਾਂ, ਜੋ ਸਜਣ ਇਸਤੋਂ ਵਿਸਥਾਰ ਨਾਲ ਕਵੀ ਜੀ ਦੇ ਗੁਣਾਂ ਤੋਂ ਜਾਣੂ ਹੋਣਾ ਚਾਹੁਣ ਤਾਂ ਉਹ ਖਾਲਸਾ ਸਮਾਹਾਰ ਅੰਮ੍ਰਿਤਸਰ ਦੇ ਦਫਤ੍ਰ ਵਿਚੋਂ ਪੂਰਾ ਗ੍ਰੰਥ ਮੰਗਵਾ ਕੇ ਲਾਭ ਪ੍ਰਾਪਤ ਕਰਨ ॥

੧ ਅਕਤੂਬਰ ੧੯੩੯
ਗੁਰੂ ਨਾਨਕ ਨਗਰ
ਲਾਹੌਰ

ਦਾਸ ਗਿਆਨੀ ਖਜਾਨ ਸਿੰਘ



# ਕਵੀ ਜੀ ਦੇ ਮਾਤਾ ਪਿਤਾ

ਕਵੀ ਜੀ ਨੇ ਅਪਣੀ ਰਚਨਾ ਵਿਚ ਆਪਣੇ ਪਿਤਾ ਦਾ ਨਾਮ ਸ੍ਰਦਾਰ ਦੇਵਾ ਸਿੰਘ ਜੀ ਲਿਖਿਆ ਹੈ।

ਯਥਾਃ—ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ

ਫੇਰ ਗੁਃ ਪ੍ਰਃਸੂਃ ਰੁਃ ੧ ਅੰਸੂ ੧ ਅੰਕ ੩੪ ਵਿਚ ਫਰਮਾਉਂਦੇ ਹਨ—

ਦੇਵਾ ਸਿੰਘ ਪਿਤਾ ਮਮ ਨਾਮੰ

ਮਾਤਾ ਜੀ ਦਾ ਨਾਮ ਆਪਨੇ ਭਾਵੇਂ ਕਿਤੇ ਨਹੀਂ ਲਿਖਿਆ ਪਰ ਮਾਤ ਜੀ ਨੂੰ ਨਮਸਕਾਰ ਕੁਛ ਥਾਵਾਂ ਤੇ ਕੀਤੀ ਹੈ । ਅਰ ਤੋਤਾ ਰਾਮ ਚੂਨੀ ਲਾਲ ਕੁਰਛੇਤ੍ਰ ਦੇ ਪੰਡਿਆਂ ਦੀ ਵਹੀ ਤੋਂ ਮਾਤਾ ਦਾ ਨਾਮ "ਰਜਾਦੀ" ਪਤਾ ਲਗਾ ਹੈ ਇਹ "ਰਜਾਦੀ" ਲਫ਼ਜ਼ ਰਾਜ ਦੇਈ ਜਾਂ ਰਾਇਜ਼ਾਦੀ ਦਾ ਸੰਖੇਪ ਮਾਲੂਮ ਹੁੰਦਾ ਹੈ ॥

ਉਪਰੋਕਤ ਵਿਚਾਰ ਦਾ ਸਿਟਾ ਇਹ ਨਿਕਲਿਆ ਕਿ ਆਪਦੇ ਪਿਤਾ ਜੀ ਦਾ ਸ਼ੁਭ ਨਾਮ **ਸ੍ਰਦਾਰ ਦੇਵਾ ਸਿੰਘ** ਜੀ ਤੇ ਪੂਜ ਮਾਤਾ ਜੀ ਦਾ ਪਵਿਤ੍ਰ ਨਾਮ "**ਰਜਾਦੀ**" ਅਥਵਾ ਰਾਜਦੇਈ ਸੀ

## ਜ਼ਾਤ ਗੋਤ

ਕਵੀ ਜੀ ਦੇ ਭਰਾਤਾ ਸ੍ਰਃ ਵਧਾਵਾ ਜੀ ਦੀ ਧਰਮ ਪਤਨੀ ਜੀ ਸੰਮਤ ੧੯੩੬ ਵਿਚ ਹਰਦੁਆਰ ਗਏ ਤਾਂ ਉਨਹਾਂ ਮੰਗਲ ਦਤ (ਰਾਮ ਚੰਦ ਵਾਲੇ ) ਪਾਂਡੇ ਦੀ ਵਹੀ ਵਿਚ ਕਵੀ ਜੀ ਦੇ ਪਿਤਾ ਦਾ ਨਾਮ ਦੇਵਾ ਸਿੰਘ ਗੋਤ "ਕਰੀਰ" ਤੇ ਜ਼ਾਤ ਛੀਂਬਾ ਲਿਖਾਈ ॥

ਅਸਲ ਵਿਚ ਛੀਂਬਾ ਕੋਈ ਜ਼ਾਤ ਨਹੀਂ ਤੇ ਨਾਂਹੀ ਕੋਈ ਲਫ਼ਜ਼ ਹੈ ਇਹ ਇਕ ਵਿਗੜਿਆ ਹੋਇਆ ਸ਼ਬਦ ਹੈ, ਗੁਰਬਾਣੀ ਵਿਚ ਛੀਪਾ ਸ਼ਬਦ ਆਉਂਦਾ ਹੈ ਯਥਾ "ਕਾਹੇ ਛੀਪਾ ਛਾਇਲੋ" ਇਹ ਛੀਪਾ ਸ਼ਬਦ

pdfelement
Remove Watermark Now

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.